ਲਿਥੁਆਨੀਆ

Reception and Integration Agency

euaa EUROPEAN UNION AGENCY FOR ASYLUM

# ਰਿਸੈਪਸ਼ਨ 'ਤੇ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ



**ਇਹ ਜਾਣਕਾਰੀ ਤੁਹਾਡੇ ਲਈ ਹੈ ਜੇਕਰ:**

- **ਤੁਸੀਂ ਇੱਕ ਬਾਲਗ ਹੋ (18 ਸਾਲ ਤੋਂ ਵੱਧ ਉਮਰ ਦੇ)**
- **ਤੁਸੀਂ ਲਿਥੁਆਨੀਆ** ਵਿੱਚ ਅੰਤਰਰਾਸ਼ਟਰੀ ਸੁਰੱਖਿਆ (ਜਿਸਨੂੰ ਸ਼ਰਨ ਵੀ ਕਿਹਾ ਜਾਂਦਾ ਹੈ) ਲਈ ਅਰਜ਼ੀ ਦਿੱਤੀ ਸੀ **ਅਤੇ ਹੁਣ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ।**

PUNJABI

# ਵਿਸ਼ਾ-ਸੂਚੀ


ਰਿਸੈਪਸ਼ਨ ਕੀ ਹੈ? 3

ਤੁਹਾਨੂੰ ਕੀ ਮਿਲੇਗਾ? 6

ਸਿਹਤ ਸੰਭਾਲ ਦਾ ਅਧਿਕਾਰ 7

ਬੱਚਿਆਂ ਲਈ ਸਿੱਖਿਆ ਦਾ ਅਧਿਕਾਰ 10

ਕੰਮ ਕਰਨ ਦਾ ਅਧਿਕਾਰ 11

ਭਾਸ਼ਾ ਕੋਰਸ ਅਤੇ ਕਿੱਤਾਮੁਖੀ ਸਿਖਲਾਈ 12

ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋਣ ਦਾ ਦਸਤਾਵੇਜ਼ 13

ਤੁਸੀਂ ਕਿੱਥੇ ਰਹੋਗੇ? 13

ਉਹ ਸ਼ਰਤਾਂ ਜਿਨ੍ਹਾਂ ਵਿੱਚ ਇੱਕ ਬਿਨੈਕਾਰ ਨੂੰ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ 16

ਤੁਹਾਡੀਆਂ ਰਿਸੈਪਸ਼ਨ ਦੀਆਂ ਜ਼ਿੰਮੇਵਾਰੀਆਂ ਕੀ ਹਨ? 17

ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ? 18

ਜੇਕਰ ਤੁਸੀਂ ਅਫ਼ਸਰਾਂ ਦੀ ਇਜਾਜ਼ਤ ਦੇ ਬਿਨਾਂ ਕਿਸੇ ਹੋਰ EU + ਦੇਸ਼ ਜਾਣ 'ਤੇ ਕੀ ਹੁੰਦਾ ਹੈ? 19

ਕੀ ਹੁੰਦਾ ਹੈ ਜਦੋਂ ਤੁਹਾਨੂੰ EU+ ਦੇਸ਼ ਦੇ ਉਸ ਮੈਂਬਰ ਰਾਜ ਵਿੱਚ ਵਾਪਸ ਭੇਜ ਦਿੱਤਾ ਜਾਂਦਾ ਹੈ ਜਿਸ ਨੂੰ ਤੁਸੀਂ ਬਿਨਾਂ ਇਜਾਜ਼ਤ ਦੇ ਛੱਡਿਆ ਸੀ? 19

ਤੁਸੀਂ ਅਥਾਰਟੀ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ 20

ਤੁਹਾਨੂੰ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ 21


ਸੰਪਰਕ ਵੇਰਵੇ 23

# ਰਿਸੈਪਸ਼ਨ ਕੀ ਹੈ?

ਰਿਸੈਪਸ਼ਨ ਉਹ ਸਹਾਇਤਾ ਹੈ ਜੋ ਤੁਹਾਨੂੰ ਇੱਕ ਬਿਨੈਕਾਰ ਦੇ ਤੌਰ 'ਤੇ ਪ੍ਰਾਪਤ ਹੁੰਦੀ ਹੈ ਜਦੋਂ ਤੁਸੀਂ ਅਧਿਕਾਰੀਆਂ ਦੁਆਰਾ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਪੂਰੀ ਹੋਣ ਦੀ ਉਡੀਕ ਕਰਦੇ ਹੋ। ਇਸ ਵਿੱਚ ਰਿਸੈਪਸ਼ਨ ਅਧਿਕਾਰ ਅਤੇ ਜ਼ਿੰਮੇਵਾਰੀਆਂ ਸ਼ਾਮਲ ਹਨ ਜੋ ਇਸ ਬਰੋਸ਼ਰ ਵਿੱਚ ਸਮਝਾਈਆਂ ਗਈਆਂ ਹਨ।

ਲਿਥੁਆਨੀਆ ਵਿੱਚ ਰਿਹਾਇਸ਼/ਸਵਾਗਤ ਲਈ ਜ਼ਿੰਮੇਵਾਰ ਸੰਸਥਾ ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਹੈ। ਤੁਹਾਡੀ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਸੰਸਥਾ ਮਾਈਗ੍ਰੇਸ਼ਨ ਡਿਪਾਰਟਮੈਂਟ ਹੈ।

ਸਟੇਟ ਬਾਰਡਰ ਗਾਰਡ ਸਰਵਿਸ ਜਾਂ ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਦੇ ਕਰਮਚਾਰੀ ਤੁਹਾਨੂੰ ਇਹ ਪੁਸ਼ਟੀ ਕਰਨ ਅਤੇ ਦਸਤਖਤ (ਸਾਈਨ) ਕਰਨ ਲਈ ਕਹਿਣਗੇ ਕਿ ਤੁਹਾਨੂੰ ਇਸ ਬਰੋਸ਼ਰ ਵਿੱਚ ਦਿੱਤੀ ਗਈ ਜਾਣਕਾਰੀ ਮਿਲ ਗਈ ਹੈ। ਜੇਕਰ ਕੋਈ ਗੱਲ ਸਪਸ਼ਟ ਨਹੀਂ ਹੈ, ਤਾਂ ਕਰਮਚਾਰੀਆਂ ਤੋਂ ਸਵਾਲ ਪੁੱਛੋ।



**ਤੁਸੀਂ ਇਸ ਦੇਸ਼ ਵਿੱਚ ਸੁਰੱਖਿਅਤ ਹੋ।**

ਤੁਹਾਡੇ ਰਹਿਣ ਦੌਰਾਨ ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਦਾ ਸਟਾਫ਼ ਤੁਹਾਨੂੰ ਤੁਹਾਡੀ ਸਥਿਤੀ ਦੇ ਆਧਾਰ 'ਤੇ ਤੁਹਾਡੇ ਲਈ ਉਪਲਬਧ ਰਿਸੈਪਸ਼ਨ ਸੇਵਾਵਾਂ ਅਤੇ ਸਹਾਇਤਾ ਬਾਰੇ ਸੂਚਿਤ ਕਰੇਗਾ।



ਤੁਸੀਂ ਹੋਰ ਸੰਗਠਨਾਂ ਤੋਂ ਵੀ ਮੁਫਤ ਜਾਣਕਾਰੀ ਅਤੇ ਮਦਦ ਮੰਗ ਸਕਦੇ ਹੋ। ਤੁਸੀਂ ਇਸ ਬਰੋਸ਼ਰ ਦੇ ਅੰਤ ਵਿੱਚ ਸੰਗਠਨਾਂ ਦੀ ਸੂਚੀ ਲੱਭ ਸਕਦੇ ਹੋ।



**ਇੱਕ ਦੁਭਾਸ਼ੀਆ** ਤੁਹਾਨੂੰ ਦੇ ਸਟਾਫ ਨਾਲ ਉਸ ਭਾਸ਼ਾ ਵਿੱਚ ਸੰਚਾਰ ਕਰਨ ਵਿੱਚ ਮਦਦ ਕਰੇਗਾ ਜੋ ਤੁਸੀਂ ਸਮਝਦੇ ਹੋ, ਜਿੱਥੇ ਜ਼ਰੂਰੀ ਹੋਵੇ। ਦੁਭਾਸ਼ੀਆ ਤੁਹਾਡੀ ਗੱਲ ਕਿਸੇ ਹੋਰ ਨਾਲ ਸਾਂਝੀ ਨਹੀਂ ਕਰੇਗਾ। ਦੁਭਾਸ਼ੀਏ ਵਿਅਕਤੀਗਤ ਤੌਰ 'ਤੇ (ਆਹਮੋ-ਸਾਹਮਣੇ), ਫ਼ੋਨ ਰਾਹੀਂ, ਜਾਂ ਆਨਲਾਈਨ ਹਿੱਸਾ ਲੈ ਸਕਦੇ ਹਨ।

**ਤੁਸੀਂ ਸ਼ਰਨ ਪ੍ਰਕਿਰਿਆ ਅਤੇ ਪਾਲਣਾ ਕਰਨ ਵਾਲੇ ਨਿਯਮਾਂ ਬਾਰੇ ਜਾਣਕਾਰੀ ਵੱਖਰੇ ਬਰੋਸ਼ਰਾਂ ਵਿੱਚ ਪਾ ਸਕਦੇ ਹੋ।**

**ਤੁਸੀਂ ਹੁਣ ਲਿਥੁਆਨੀਆ ਵਿੱਚ ਹੋ ਜੋ ਕਿ ਇੱਕ EU+ ਦੇਸ਼ ਹੈ।
EU+ ਦੇਸ਼ ਇਹ ਹਨ:**

ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਦਾ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ

4 ਹੋਰ ਦੇਸ਼: ਆਈਸਲੈਂਡ, ਲੀਚਟਨਸਟਾਈਨ, ਨਾਰਵੇ, ਸਵਿਟਜ਼ਰਲੈਂਡ।

## ਧਿਆਨ ਦਿਓ!

ਸਾਰੇ EU+ ਦੇਸ਼ਾਂ ਵਿੱਚ ਬਿਨੈਕਾਰਾਂ ਦੇ ਇੱਕੋ ਜਿਹੇ ਰਿਸੈਪਸ਼ਨ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ।

ਸ਼ਰਨ ਲਈ ਅਰਜ਼ੀ ਦੇਣ ਅਤੇ ਹੋਰ EU+ ਦੇਸ਼ਾਂ ਦੀ ਯਾਤਰਾ ਕਰਨ ਸੰਬੰਧੀ ਨਿਯਮ ਹਨ।

**ਤੁਹਾਨੂੰ ਸ਼ਰਨ ਲਈ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਆਪਣੀ ਅਰਜ਼ੀ EU+ ਦੇਸ਼ ਵਿੱਚ ਰਜਿਸਟਰ ਕਰਨੀ ਚਾਹੀਦੀ ਹੈ ਜਿੱਥੇ ਤੁਸੀਂ ਪਹਿਲੀ ਵਾਰ ਪਹੁੰਚੇ ਸੀ,** ਜਦੋਂ ਤੱਕ ਕਿ ਅਫ਼ਸਰਾਂ ਨੇ ਤੁਹਾਨੂੰ ਹੋਰ ਜਾਣਕਾਰੀ ਨਾ ਦਿੱਤੀ ਹੋਵੇ।

**ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਕਰਨ ਲਈ ਸਿਰਫ਼ ਕੋਈ ਇੱਕ EU+ ਦੇਸ਼ ਜ਼ਿੰਮੇਵਾਰ ਹੈ। ਲਿਥੁਆਨੀਆ** ਦੇ ਅਫ਼ਸਰ ਇਹ ਫੈਸਲਾ ਕਰਨ ਲਈ ਇੱਕ ਪ੍ਰਕਿਰਿਆ ਦੀ ਪਾਲਣਾ ਕਰਨਗੇ ਕਿ ਤੁਹਾਡੀ ਸ਼ਰਣ ਅਰਜ਼ੀ ਲਈ ਕਿਹੜਾ EU+ ਦੇਸ਼ ਜ਼ਿੰਮੇਵਾਰ ਹੈ।

**ਤੁਹਾਨੂੰ ਲਿਥੁਆਨੀਆ ਵਿੱਚ ਰਹਿਣਾ ਚਾਹੀਦਾ ਹੈ। ਤੁਸੀਂ ਅਫ਼ਸਰਾਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ EU+ ਦੇਸ਼ ਦੀ ਯਾਤਰਾ ਨਹੀਂ ਕਰ ਸਕਦੇ ਹੋ।** ਜੇ ਤੁਸੀਂ ਛੱਡ ਕੇ ਚਲੇ ਜਾਂਦੇ ਹੋ, ਤਾਂ ਇਸ ਦੇ ਨਕਾਰਾਤਮਕ ਨਤੀਜੇ ਹੋਣਗੇ। ਲਿਥੁਆਨੀਆ ਵਿੱਚ ਤੁਹਾਡੀ ਸ਼ਰਨ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ। ਦੂਜੇ ਦੇਸ਼ ਵਿੱਚ ਤੁਹਾਡੀ ਆਵਾਜਾਈ ਸੀਮਿਤ ਹੋ ਸਕਦੀ ਹੈ ਅਤੇ ਕੁਝ ਰਿਸੈਪਸ਼ਨ ਸੇਵਾਵਾਂ ਰੱਦ ਹੋ ਸਕਦੀਆਂ ਹਨ।

# ਤੁਹਾਨੂੰ ਕੀ ਮਿਲੇਗਾ?

ਜਦੋਂ ਅਫ਼ਸਰ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਕਰਦੇ ਹਨ, ਅਤੇ ਤੁਹਾਡੀ ਨਿੱਜੀ ਅਤੇ ਵਿੱਤੀ ਸਥਿਤੀ ਦੇ ਅਧਾਰ ਤੇ, ਤੁਹਾਨੂੰ ਮਿਲੇਗਾ:



- ਰਿਹਾਇਸ਼



- ਨਿੱਜੀ ਸਫਾਈ ਵਾਲੇ ਉਤਪਾਦ



- ਭੋਜਨ ਜਾਂ ਭੋਜਨ ਖ਼ਰੀਦਣ ਲਈ ਪੈਸੇ



- ਕੱਪੜੇ



- ਰੋਜ਼ਾਨਾ ਦੇ ਖਰਚਿਆਂ ਲਈ ਪੈਸੇ

ਅਥਾਰਟੀ ਤੁਹਾਡੀ ਨਿੱਜੀ ਅਤੇ ਵਿੱਤੀ ਸਥਿਤੀ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਤੁਹਾਨੂੰ ਸਵਾਲ ਪੁੱਛਣਗੇ।

# ਸਿਹਤ ਸੰਭਾਲ ਦਾ ਅਧਿਕਾਰ

ਅਫ਼ਸਰ ਇਹ ਯਕੀਨੀ ਬਣਾਉਣਗੇ ਕਿ ਤੁਹਾਨੂੰ **ਲੋੜੀਂਦੀ ਸਿਹਤ ਦੇਖਭਾਲ ਮਿਲ ਸਕੇ**। ਇਸ ਵਿੱਚ ਉਦਾਹਰਣ ਵਜੋਂ, ਇੱਕ ਨਰਸ ਜਾਂ ਡਾਕਟਰ ਕੋਲ ਮੁਲਾਕਾਤਾਂ, ਗੰਭੀਰ ਬਿਮਾਰੀਆਂ ਅਤੇ ਪੁਰਾਣੀਆਂ ਸਥਿਤੀਆਂ ਲਈ ਜਾਂਚ, ਡਾਕਟਰ ਦੁਆਰਾ ਨਿਰਧਾਰਤ ਦਵਾਈ ਅਤੇ ਮਾਨਸਿਕ ਸਿਹਤ ਸਹਾਇਤਾ ਸ਼ਾਮਲ ਹੋ ਸਕਦੀ ਹੈ।



**ਜੇ ਤੁਹਾਨੂੰ ਕੋਈ ਡਾਕਟਰੀ ਸਮੱਸਿਆ ਹੈ, ਤਾਂ ਸਟਾਫ਼ ਨੂੰ ਦੱਸੋ।**


ਜੇਕਰ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਜਾਂ ਸੱਟ ਲੱਗੀ ਹੈ ਜਿਸ ਲਈ ਤੁਰੰਤ ਇਲਾਜ ਦੀ ਲੋੜ ਹੈ, ਤਾਂ ਸਟਾਫ਼ ਨੂੰ ਦੱਸੋ ਜਾਂ ਐਮਰਜੈਂਸੀ ਨੰਬਰ 112 'ਤੇ ਮੁਫ਼ਤ ਕਾਲ ਕਰੋ



ਤੁਸੀਂ ਡਾਕਟਰ ਜਾਂ ਨਰਸ ਤੋਂ ਡਾਕਟਰੀ ਜਾਂਚ ਕਰਵਾ ਕਰਵਾਉਗੇ ਉਹ ਤੁਹਾਡੀ ਸਿਹਤ ਦੀ ਜਾਂਚ ਕਰਨਗੇ ਅਤੇ ਤੁਹਾਡੀ ਸਹਾਇਤਾ ਕਰਨਗੇ। ਉਹ ਤੁਹਾਨੂੰ ਮੌਜੂਦਾ ਜਾਂ ਪਿਛਲੀਆਂ ਬਿਮਾਰੀਆਂ, ਤੁਹਾਡੇ ਟੀਕੇ ਦੇ ਰਿਕਾਰਡਾਂ ਅਤੇ ਤੁਹਾਡੇ ਦੁਆਰਾ ਲਈ ਜਾ ਰਹੀ ਕਿਸੇ ਵੀ ਦਵਾਈ ਬਾਰੇ ਸਵਾਲ ਪੁੱਛ ਪੁੱਛਣਗੇ। ਉਹ ਤੁਹਾਨੂੰ ਕਿਸੇ ਵੀ ਸੱਟ, ਦਰਦ, ਸਥਿਤੀ ਜਾਂ ਚਿੰਤਾਵਾਂ ਬਾਰੇ ਵੀ ਪੁੱਛ ਪੁੱਛਣਗੇ।

ਕੁਝ ਮੈਡੀਕਲ ਟੈਸਟ ਲਾਜ਼ਮੀ ਹਨ, ਜਿਸ ਵਿੱਚ ਉਦਾਹਰਨ ਲਈ, ਹਿਊਮਨ ਇਮਿਊਨੋਡੈਫੀਸ਼ੀਐਂਸੀ ਵਾਇਰਸ (HIV) ਟੈਸਟ, ਕੰਪਲੀਟ ਬਲੱਡ ਕਾਉਂਟ (CBC), ਸੀ-ਰੀਐਕਟਿਵ ਪ੍ਰੋਟੀਨ (CRP) ਟੈਸਟ, ਅਤੇ ਹੈਪੇਟਾਈਟਸ ਸੀ ਵਾਇਰਸ (HCV) ਬਲੱਡ ਟੈਸਟ ਸ਼ਾਮਲ ਹਨ।

# ਜੇ ਤੁਹਾਡੀਆਂ ਵਿਸ਼ੇਸ਼ ਜ਼ਰੂਰਤਾਂ ਹਨ ਤਾਂ ਤੁਹਾਨੂੰ ਵਿਸ਼ੇਸ਼ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।



**ਸਟਾਫ਼ ਨੂੰ ਸੂਚਿਤ ਕਰੋ ਜੇਕਰ:**

- ਤੁਸੀਂ ਬਿਮਾਰ ਜਾਂ ਜ਼ਖਮੀ ਹੋ
- ਤੁਸੀਂ ਗਰਭਵਤੀ ਹੋ ਜਾਂ ਹੋ ਸਕਦੀ ਹੋ
- ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਖਾਸ ਸਹਾਇਤਾ ਦੀ ਲੋੜ ਹੈ।
- ਤੁਹਾਨੂੰ ਅਪਾਹਜਤਾ ਹੈ (ਉਦਾਹਰਣ ਵਜੋਂ, ਸੀਮਤ ਗਤੀਸ਼ੀਲਤਾ, ਘੱਟ ਸੁਣਨ ਸ਼ਕਤੀ ,ਘੱਟ ਦੇਖਣ ਸ਼ਕਤੀ)
- ਤੁਸੀਂ ਲਗਾਤਾਰ ਘਬਰਾਹਟ, ਬੇਚੈਨ ਜਾਂ ਚਿੰਤਤ ਮਹਿਸੂਸ ਕਰਦੇ ਹੋ, ਤੁਹਾਨੂੰ ਨੀਂਦ ਨਹੀਂ ਆਉਂਦੀ, ਜਾਂ ਤੁਹਾਡੇ ਮਨ ਵਿੱਚ ਨਕਾਰਾਤਮਕ ਵਿਚਾਰ ਆਉਂਦੇ ਹਨ।
- ਤੁਸੀਂ ਪਿਛਲੀ ਹਿੰਸਾ ਜਾਂ ਮਾਨਸਿਕ ਕਲੇਸ਼ ਤੋਂ ਪੀੜਤ ਹੋ
- ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ, ਧਮਕੀ ਮਿਲੀ ਹੈ, ਜਾਂ ਤੁਸੀਂ ਕਿਸੇ ਤੋਂ ਡਰਦੇ ਹੋ, ਭਾਵੇਂ ਉਹ ਕਿਸੇ ਅਜਨਬੀ ਤੋਂ ਹੋਵੇ ਜਾਂ ਕਿਸੇ ਜਾਣਕਾਰ ਤੋਂ।
- ਤੁਸੀਂ ਉਹ ਕੰਮ ਕਰਨ ਲਈ ਮਜਬੂਰ ਹੋ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਹੋ
- ਤੁਸੀਂ ਆਪਣੇ ਵਿਸ਼ਵਾਸ, ਤੁਸੀਂ ਕਿਸ ਨੂੰ ਪਿਆਰ ਕਰਦੇ ਹੋ, ਜਾਂ ਆਪਣੇ ਪਹਿਰਾਵੇ/ਵਿਵਹਾਰ ਦੇ ਕਾਰਨ ਅਸੁਰੱਖਿਅਤ ਮਹਿਸੂਸ ਕਰਦੇ ਹੋ
- ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਹੋ ਅਤੇ ਤੁਸੀਂ ਆਪਣੇ ਮਾਪਿਆਂ ਤੋਂ ਬਿਨਾਂ, ਇਕੱਲੇ ਜਾਂ ਹੋਰ ਪਰਿਵਾਰ ਦੇ ਮੈਂਬਰਾਂ ਨਾਲ ਆਏ ਹੋ।

ਵਿਸ਼ੇਸ਼ ਸਹਾਇਤਾ ਸਿਰਫ਼ ਉਦੋਂ ਹੀ ਪ੍ਰਦਾਨ ਕੀਤੀ ਜਾ ਸਕਦੀ ਹੈ ਜਦੋਂ ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਦਾ ਸਟਾਫ਼ ਤੁਹਾਡੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਜਾਣਦਾ ਹੋਵੇ।



ਵਿਸ਼ੇਸ਼ ਸਟਾਫ਼ ਤੁਹਾਨੂੰ ਸਵਾਲ ਪੁੱਛੇਗਾ:

- ਆਪਣੀਆਂ **ਵਿਸ਼ੇਸ਼ ਜ਼ਰੂਰਤਾਂ** ਦਾ ਮੁਲਾਂਕਣ ਕਰੋ
- ਪਛਾਣ ਕਰੋ ਕਿ ਤੁਹਾਡੇ ਲਈ **ਕਿਹੜੀ ਵਿਸ਼ੇਸ਼ ਸਹਾਇਤਾ** ਸਭ ਤੋਂ ਵਧੀਆ ਹੈ।

ਇਸਨੂੰ **ਵਿਸ਼ੇਸ਼ ਜ਼ਰੂਰਤਾਂ ਦਾ ਮੁਲਾਂਕਣ ਕਿਹਾ ਜਾਂਦਾ ਹੈ**



ਇੱਕ ਦੁਭਾਸ਼ੀਆ ਤੁਹਾਨੂੰ ਉਸ ਭਾਸ਼ਾ ਵਿੱਚ ਗੱਲਬਾਤ ਕਰਨ ਵਿੱਚ ਮਦਦ ਕਰੇਗਾ ਜੋ ਤੁਸੀਂ ਸਮਝਦੇ ਹੋ, ਜੇ ਲੋੜ ਹੋਵੇ।



**ਹਮੇਸ਼ਾ** ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਨਾਲ ਸੰਪਰਕ ਕਰੋ ਜੇ ਤੁਹਾਨੂੰ ਵਿਸ਼ੇਸ਼ ਸਹਾਇਤਾ ਦੀ ਲੋੜ ਹੈ।

ਤੁਹਾਨੂੰ ਇਹ ਸਹਾਇਤਾ ਉਦੋਂ ਤੱਕ ਮਿਲੇਗੀ ਜਦੋਂ ਤੱਕ ਅਧਿਕਾਰੀ ਤੁਹਾਨੂੰ ਲੋੜਵੰਦ ਸਮਝਦੇ ਹਨ।

ਤੁਸੀਂ ਡਾਕਟਰ, ਨਰਸ ਅਤੇ ਵਿਸ਼ੇਸ਼ ਸਟਾਫ਼ 'ਤੇ ਭਰੋਸਾ ਕਰ ਸਕਦੇ ਹੋ ਅਤੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰੋ। ਤੁਹਾਡੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ, ਜਿਸਦਾ ਮਤਲਬ ਹੈ ਕਿ ਤੁਹਾਡੀ ਸਹਿਮਤੀ ਤੋਂ ਬਿਨਾਂ ਕਿਸੇ ਹੋਰ ਨੂੰ ਇਸ ਬਾਰੇ ਪਤਾ ਨਹੀਂ ਲੱਗੇਗਾ।

ਇਹ ਦਾ ਇੱਕੋ ਇੱਕ ਅਪਵਾਦ ਇਹ ਹੈ ਕਿ ਜੇਕਰ ਤੁਹਾਡੀ ਜਾਂ ਕਿਸੇ ਹੋਰ ਦੀ ਜਾਨ ਨੂੰ ਖ਼ਤਰਾ ਹੈ, ਜਾਂ ਕਾਨੂੰਨ ਦੁਆਰਾ ਲੋੜੀਂਦੇ ਅਨੁਸਾਰ।

# ਬੱਚਿਆਂ ਲਈ ਸਿੱਖਿਆ ਦਾ ਅਧਿਕਾਰ

18 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚੇ, ਮੁੰਡੇ ਅਤੇ ਕੁੜੀਆਂ ਨੂੰ ਸਿੱਖਿਆ ਦਾ ਅਧਿਕਾਰ ਹੈ।

ਉਨ੍ਹਾਂ ਨੂੰ ਭਾਸ਼ਾ ਦੀਆਂ ਕਲਾਸਾਂ ਵਰਗੀ ਸਹਾਇਤਾ ਮਿਲੇਗੀ।




**ਆਪਣੇ ਬੱਚਿਆਂ ਨੂੰ ਸਕੂਲ ਭੇਜਣ ਜ਼ਿੰਮੇਵਾਰੀ ਮਾਪਿਆਂ ਦੀ ਹੈ।**

# ਕੰਮ ਕਰਨ ਦਾ ਅਧਿਕਾਰ

ਤੁਹਾਡੀ ਸਥਿਤੀ ਦੇ ਆਧਾਰ 'ਤੇ, ਤੁਹਾਡੇ ਕੋਲ ਕੰਮ ਕਰਨ ਦਾ ਅਧਿਕਾਰ ਹੋ ਸਕਦਾ ਹੈ। ਜੇਕਰ ਅੰਤਰਰਾਸ਼ਟਰੀ mਸੁਰੱਖਿਆ ਲਈ ਤੁਹਾਡੀ ਅਰਜ਼ੀ ਦੇ ਰਜਿਸਟਰ ਹੋਣ ਤੋਂ ਬਾਅਦ ਛੇ ਮਹੀਨਿਆਂ ਦੇ ਅੰਦਰ ਤੁਹਾਡੀ ਪਨਾਹ ਦੀ ਅਰਜ਼ੀ 'ਤੇ ਕੋਈ ਫ਼ੈਸਲਾ ਨਹੀਂ ਲਿਆ ਜਾਂਦਾ, ਅਤੇ ਇਸ ਦੇਰੀ ਵਿੱਚ ਤੁਹਾਡਾ ਕੋਈ ਕਸੂਰ ਨਹੀਂ ਹੈ, ਤਾਂ ਤੁਸੀਂ ਲਿਥੁਆਨੀਆ ਵਿੱਚ ਕੰਮ ਕਰ ਸਕਦੇ ਹੋ।
ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਦੇ ਕਰਮਚਾਰੀ ਤੁਹਾਨੂੰ ਉਹਨਾਂ ਨਿਯਮਾਂ ਬਾਰੇ ਜਾਣਕਾਰੀ ਦੇਣਗੇ ਜੋ ਲਿਥੁਆਨੀਆ ਵਿੱਚ ਲਾਗੂ ਹੁੰਦੇ ਹਨ।



ਕੁਝ ਅਪਵਾਦ ਹਨ, ਉਦਾਹਰਣ ਵਜੋਂ ਜੇ ਤੁਸੀਂ ਅਫ਼ਸਰਾਂ ਨਾਲ ਸਹਿਯੋਗ ਨਹੀਂ ਕਰ ਰਹੇ ਹੋ ਤਾਂ ਤੁਹਾਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ

ਜੇਕਰ ਤੁਸੀਂ ਕੰਮ ਕਰਦੇ ਹੋ ਅਤੇ ਇੱਕ ਨਿਸ਼ਚਿਤ ਰਕਮ ਤੋਂ ਵੱਧ ਆਮਦਨ ਪ੍ਰਾਪਤ ਕਰਦੇ ਹੋ ਅਤੇ ਤੁਸੀਂ ਇੱਕ ਰਿਸੀਪਸ਼ਨ ਸੈਂਟਰ (ਰਿਹਾਇਸ਼ੀ ਕੇਂਦਰ) ਵਿੱਚ ਰਹਿ ਰਹੇ ਹੋ, ਤਾਂ ਤੁਹਾਨੂੰ ਆਪਣੀ ਰਿਹਾਇਸ਼ ਲਈ ਅੰਸ਼ਕ ਤੌਰ 'ਤੇ (ਕੁਝ ਹਿੱਸਾ) ਭੁਗਤਾਨ ਕਰਨਾ ਪੈ ਸਕਦਾ ਹੈ।



14 ਸਾਲ ਤੋਂ ਘੱਟ ਉਮਰ ਦੇ ਸਾਰੇ ਮੁੰਡੇ ਅਤੇ ਕੁੜੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ।

## ਭਾਸ਼ਾ ਕੋਰਸ ਅਤੇ ਕਿੱਤਾਮੁਖੀ ਸਿਖਲਾਈ

- ਤੁਹਾਡੀ ਸਥਿਤੀ ਦੇ ਆਧਾਰ 'ਤੇ, ਅਫ਼ਸਰ ਤੁਹਾਨੂੰ ਸ਼ਾਮਲ ਹੋਣ ਲਈ ਕਹਿ ਸਕਦੇ ਹਨ:
- ਭਾਸ਼ਾਈ ਕੋਰਸ,
- ਉਸ ਸਮਾਜ ਬਾਰੇ ਕੋਰਸ ਜਿੱਥੇ ਤੁਸੀਂ ਰਹਿੰਦੇ ਹੋ (ਕਾਨੂੰਨ, ਨਿਯਮ ਅਤੇ ਸੱਭਿਆਚਾਰ)
- ਨਵੇਂ ਹੁਨਰ ਸਿੱਖਣ ਲਈ ਕੋਰਸ (ਕਿੱਤਾਮੁਖੀ ਸਿਖਲਾਈ)।

- ਤੁਸੀਂ ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹੋ:
- ਭਾਸ਼ਾਈ ਕੋਰਸ,
- ਉਸ ਸਮਾਜ ਬਾਰੇ ਕੋਰਸ ਜਿੱਥੇ ਤੁਸੀਂ ਰਹਿੰਦੇ ਹੋ (ਕਾਨੂੰਨ, ਨਿਯਮ ਅਤੇ ਸੱਭਿਆਚਾਰ)
- ਨਵੇਂ ਹੁਨਰ ਸਿੱਖਣ ਲਈ ਕੋਰਸ (ਕਿੱਤਾਮੁਖੀ ਸਿਖਲਾਈ)।



ਸਟਾਫ਼ ਤੁਹਾਨੂੰ ਇਹਨਾਂ ਕੋਰਸਾਂ ਬਾਰੇ ਅਤੇ ਤੁਸੀਂ ਉਹਨਾਂ ਨੂੰ ਕਦੋਂ ਸ਼ੁਰੂ ਕਰ ਸਕਦੇ ਹੋ ਬਾਰੇ ਸੂਚਿਤ ਕਰੇਗਾ।

# ਇਹ ਦਸਤਾਵੇਜ਼ ਦੱਸਦਾ ਹੈ ਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ



ਤੁਹਾਨੂੰ ਇੱਕ ਸਰਕਾਰੀ ਦਸਤਾਵੇਜ਼ ਮਿਲੇਗਾ, ਜਿਸਨੂੰ ਵਿਦੇਸ਼ੀ ਰਜਿਸਟ੍ਰੇਸ਼ਨ ਸਰਟੀਫਿਕੇਟ ਕਿਹਾ ਜਾਂਦਾ ਹੈ, ਜੋ ਦੱਸਦਾ ਹੈ ਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ। ਇਹ ਦਸਤਾਵੇਜ਼ ਤੁਹਾਡਾ ਨਾਮ ਅਤੇ ਨਿੱਜੀ ਡਾਟਾ ਹੋਵੇਗਾ। ਤੁਹਾਨੂੰ ਇਸਨੂੰ ਹਰ ਸਮੇਂ ਆਪਣੇ ਨਾਲ ਰੱਖਣਾ ਚਾਹੀਦਾ ਹੈ।

ਇਹ ਯਾਤਰਾ ਦਸਤਾਵੇਜ਼ ਨਹੀਂ ਹੈ।

**ਧਿਆਨ ਦਿਓ!** ਧਿਆਨ ਰੱਖੋ ਕਿ ਇਸਨੂੰ ਗੁਆ ਨਾ ਦਿਓ ਅਤੇ ਕਿਸੇ ਹੋਰ ਨੂੰ ਨਾ ਦਿਓ।

## ਤੁਸੀਂ ਕਿੱਥੇ ਰਹੋਗੇ?

ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਸਮੀਖਿਆ ਦੌਰਾਨ ਤੁਹਾਡੇ ਰਹਿਣ ਦੇ ਪ੍ਰਬੰਧ ਕਈ ਕਾਰਕਾਂ 'ਤੇ ਨਿਰਭਰ ਕਰਦੇ ਹਨ।

## **ਤੁਸੀਂ ਭਾਵੇਂ ਜਿੱਥੇ ਵੀ ਰਹਿ ਰਹੇ ਹੋ, ਤੁਹਾਨੂੰ ਇਹ ਕਰਨ ਦਾ ਅਧਿਕਾਰ ਹੈ:**



- **ਸੁਰੱਖਿਅਤ ਰਹੋ:** ਸਟਾਫ਼ ਸਮੇਤ ਕਿਸੇ ਨੂੰ ਵੀ ਤੁਹਾਨੂੰ ਧਮਕੀ ਦੇਣ, ਅਪਮਾਨ ਕਰਨ ਜਾਂ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਹੈ



- **ਆਪਣੇ ਪਤੀ, ਪਤਨੀ, ਬੱਚਿਆਂ ਅਤੇ 18 ਸਾਲ ਤੋਂ ਘੱਟ ਉਮਰ ਦੇ ਭੈਣ-ਭਰਾ ਜਾਂ ਕਿਸੇ ਬਾਲਗ ਰਿਸ਼ਤੇਦਾਰ ਨਾਲ ਰਹੋ ਜਿਸਨੂੰ ਰੋਜ਼ਾਨਾ ਦੇਖਭਾਲ ਦੀ ਲੋੜ ਹੁੰਦੀ ਹੈ।**
- **ਆਪਣੇ ਰਿਸ਼ਤੇਦਾਰਾਂ ਨਾਲ ਰਹੋ,** ਜੇ ਤੁਸੀਂ ਇੱਕ ਬਾਲਗ ਵਿਅਕਤੀ ਹੋ ਜਿਸਨੂੰ ਰੋਜ਼ਾਨਾ ਦੇਖਭਾਲ ਦੀ ਲੋੜ ਹੈ



- ਜੇਕਰ ਤੁਹਾਨੂੰ ਆਪਣੇ ਪਰਿਵਾਰ ਦੇ ਟਿਕਾਣੇ ਬਾਰੇ ਯਕੀਨ ਨਹੀਂ ਹੈ, ਤਾਂ **ਉਨ੍ਹਾਂ ਨਾਲ ਗੱਲਬਾਤ** ਅਤੇ **ਉਨ੍ਹਾਂ ਦਾ ਪਤਾ ਲਗਾਉਣ ਵਿੱਚ ਸਹਾਇਤਾ ਪ੍ਰਾਪਤ ਕਰੋ**।

## **ਤੁਸੀਂ ਇੱਕ ਰਸਮੀ ਸ਼ਿਕਾਇਤ ਕਰ ਸਕਦੇ ਹੋ ਜੇ ਤੁਹਾਨੂੰ ਲੱਗਦਾ ਹੈ ਕਿ:**



- ਸਟਾਫ਼ ਦੇ ਕਿਸੇ ਵੀ ਮੈਂਬਰ ਨੇ ਤੁਹਾਨੂੰ ਧਮਕੀ ਦਿੱਤੀ, ਅਪਮਾਨ ਕੀਤਾ ਜਾਂ ਨੁਕਸਾਨ ਪਹੁੰਚਾਇਆ।
- ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ/ਜਾਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਉਚਿਤ ਨਹੀਂ ਹਨ ਜਾਂ ਲੋੜੀਂਦੇ ਮਿਆਰਾਂ (standards) ਮੁਤਾਬਕ ਨਹੀਂ ਹਨ।
- ਸੁਰੱਖਿਆ ਸੰਬੰਧੀ ਅਜਿਹੇ ਮਸਲੇ ਹਨ ਜੋ ਤੁਹਾਡੀ ਸੁਰੱਖਿਆ ਜਾਂ ਦੂਜਿਆਂ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰਦੇ ਹਨ।

ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਤੁਹਾਨੂੰ ਸੂਚਿਤ ਕਰਨਗੇ ਕਿ ਰਸਮੀ ਸ਼ਿਕਾਇਤ ਕਿਵੇਂ ਕਰਨੀ ਹੈ।

ਤੁਸੀਂ ਹਮੇਸ਼ਾਂ ਅਫ਼ਸਰਾਂ, ਗੈਰ-ਸਰਕਾਰੀ ਸੰਗਠਨਾਂ ਜਾਂ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR) ਤੋਂ ਵਧੇਰੇ ਜਾਣਕਾਰੀ ਲਈ ਪੁੱਛ ਸਕਦੇ ਹੋ।

**ਤੁਹਾਡੀ ਸਥਿਤੀ ਦੇ ਆਧਾਰ 'ਤੇ, ਅਧਿਕਾਰੀ ਇਹ ਫੈਸਲਾ ਕਰ ਕਰਣਗੇ ਕਿ ਤੁਹਾਨੂੰ ਕਿਸੇ ਖਾਸ ਜਗ੍ਹਾ (ਉਦਾਹਰਣ ਵਜੋਂ ਕਿਸੇ ਖਾਸ ਰਿਸੈਪਸ਼ਨ ਸੈਂਟਰ ਵਿੱਚ) ਰਹਿਣਾ ਪਵੇਗਾ।**



**ਤੁਹਾਨੂੰ ਕੁਝ ਪਾਬੰਦੀਆਂ ਦੇ ਨਾਲ ਉਸ ਖਾਸ ਜਗ੍ਹਾ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਉਸ ਖਾਸ ਜਗ੍ਹਾ 'ਤੇ ਤੁਹਾਡੀ ਮੌਜੂਦਗੀ ਦੀ ਨਿਯਮਿਤ ਤੌਰ 'ਤੇ ਜਾਂਚ ਕੀਤੀ ਜਾ ਕੀਤੀ ਜਾਵੇਗੀ**

ਅਥਾਰਟੀਜ਼ ਕਈ ਕਾਰਨਾਂ ਕਰਕੇ ਇਹ ਫੈਸਲਾ ਕਰ ਸਕਦੀਆਂ ਹਨ। ਉਦਾਹਰਣ ਵਜੋਂ:

- ਤੁਹਾਡੇ ਭੱਜ ਜਾਣ ਦਾ ਜੋਖਮ ਹੈ
- ਕੋਈ ਹੋਰ ਦੇਸ਼ ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਲਈ ਜ਼ਿੰਮੇਵਾਰ ਹੋ ਸਕਦਾ ਹੈ ਅਤੇ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਤੁਸੀਂ ਭੱਜ ਸਕਦੇ ਹੋ
- ਤੁਸੀਂ ਬਿਨਾਂ ਇਜਾਜ਼ਤ ਦੇ ਇਸ ਦੇਸ਼ ਨੂੰ ਛੱਡ ਦਿੱਤਾ ਸੀ, ਤੁਹਾਨੂੰ ਵਾਪਸ ਭੇਜ ਦਿੱਤਾ ਗਿਆ ਸੀ ਅਤੇ ਇਸ ਗੱਲ ਦਾ ਖ਼ਤਰਾ ਹੈ ਕਿ ਤੁਸੀਂ ਦੁਬਾਰਾ ਭੱਜ ਸਕਦੇ ਹੋ।

**ਅਥਾਰਟੀ ਇਸ ਫੈਸਲੇ ਨੂੰ ਤੁਹਾਨੂੰ ਲਿਖਤੀ ਰੂਪ ਵਿੱਚ ਉਸ ਭਾਸ਼ਾ ਵਿੱਚ ਦੱਸਣਗੇ ਜਿਸ ਭਾਸ਼ਾ ਨੂੰ ਤੁਸੀਂ ਸਮਝਦੇ ਹੋ। ਉਹ ਤੁਹਾਨੂੰ ਤੁਹਾਡੇ ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਜੇ ਤੁਸੀਂ ਫੈਸਲੇ ਦਾ ਸਨਮਾਨ ਨਹੀਂ ਕਰਦੇ ਤਾਂ ਨਕਾਰਾਤਮਕ ਨਤੀਜਿਆਂ ਬਾਰੇ ਸੂਚਿਤ ਕਰਨਗੇ।**

ਤੁਸੀਂ ਇਸ ਫੈਸਲੇ 'ਤੇ ਅਪੀਲ ਕਰ ਸਕਦੇ ਹੋ।

ਤੁਸੀਂ ਅਥਾਰਟੀ ਤੋਂ ਪੁੱਛ ਸਕਦੇ ਹੋ ਕਿ ਕੀ ਤੁਸੀਂ ਸੀਮਤ ਸਮੇਂ ਲਈ ਕਿਤੇ ਹੋਰ ਰਹਿ ਸਕਦੇ ਹੋ। ਅਫ਼ਸਰ ਤੁਹਾਡੀ ਬੇਨਤੀ ਨੂੰ ਮਨਜ਼ੂਰੀ ਦੇ ਸਕਦੇ ਹਨ ਜਾਂ ਨਹੀਂ। ਜੇ ਤੁਹਾਡੀ ਬੇਨਤੀ ਰੱਦ ਕਰ ਦਿੱਤੀ ਜਾਂਦੀ ਹੈ, ਤਾਂ ਤੁਸੀਂ ਇਸ ਫੈਸਲੇ 'ਤੇ ਅਪੀਲ ਕਰ ਸਕਦੇ ਹੋ।

**ਧਿਆਨ ਦਿਓ!** ਜੇ ਤੁਸੀਂ ਇਸ ਖਾਸ ਜਗ੍ਹਾ 'ਤੇ ਰਹਿਣ ਦੇ ਫੈਸਲੇ ਅਤੇ ਲਗਾਈਆਂ ਗਈਆਂ ਪਾਬੰਦੀਆਂ ਦਾ ਸਨਮਾਨ ਨਹੀਂ ਕਰਦੇ, ਅਤੇ ਇੱਕ ਜੋਖਮ ਹੈ ਕਿ ਤੁਸੀਂ ਦੁਬਾਰਾ ਭੱਜ ਸਕਦੇ ਹੋ, ਤਾਂ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ।

## ਉਹ ਸ਼ਰਤਾਂ ਜਿਨ੍ਹਾਂ ਦੇ ਤਹਿਤ ਇੱਕ ਬਿਨੈਕਾਰ ਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ

ਹਿਰਾਸਤ ਦਾ ਮਤਲਬ ਹੈ ਕਿ ਤੁਹਾਨੂੰ ਇੱਕ ਖਾਸ ਸਹੂਲਤ ਵਿੱਚ ਰੱਖਿਆ ਗਿਆ ਹੈ ਜਿਸਨੂੰ ਤੁਸੀਂ ਸੁਤੰਤਰ ਤੌਰ 'ਤੇ ਨਹੀਂ ਛੱਡ ਸਕਦੇ ਹੋ। ਅਫ਼ਸਰਾਂ ਕੋਲ ਤੁਹਾਨੂੰ ਹਿਰਾਸਤ ਵਿੱਚ ਲੈਣ ਦਾ ਇੱਕ ਜਾਇਜ਼ ਕਾਰਨ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਮਾਮਲੇ ਵਿੱਚ ਕੋਈ ਹੋਰ ਵਿਕਲਪ ਸੰਭਵ ਨਹੀਂ ਹੈ। ਅਦਾਲਤ ਫੈਸਲਾ ਲੈਣ ਤੋਂ ਪਹਿਲਾਂ ਤੁਹਾਡੀ ਨਿੱਜੀ ਸਥਿਤੀ 'ਤੇ ਵਿਚਾਰ ਕਰਨਗੇ।



ਹਿਰਾਸਤ ਵਿੱਚ ਲੈਣ ਦੇ ਇਹ ਹੋ ਸਕਦੇ ਹਨ, ਉਦਾਹਰਨ ਲਈ:

- ਤੁਹਾਡੀ ਸ਼ਰਨ ਅਰਜ਼ੀ ਦੇ ਮਹੱਤਵਪੂਰਨ ਪਹਿਲੂ (ਉਦਾਹਰਣ ਵਜੋਂ ਤੁਹਾਡੀ ਪਛਾਣ) ਨੂੰ ਹਿਰਾਸਤ ਕਰਨ ਤੋਂ ਬਿਨਾਂ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ
- ਤੁਸੀਂ ਕਿਸੇ ਖਾਸ ਜਗ੍ਹਾ 'ਤੇ ਰਹਿਣ ਦੀ ਜ਼ਿੰਮੇਵਾਰੀ ਦਾ ਸਨਮਾਨ ਨਹੀਂ ਕੀਤਾ, ਅਤੇ ਇੱਕ ਜੋਖਮ ਹੈ ਕਿ ਤੁਸੀਂ ਦੁਬਾਰਾ ਭੱਜ ਜਾਓਗੇ ਅਤੇ ਅਫ਼ਸਰ ਤੁਹਾਡੇ ਤੱਕ ਨਹੀਂ ਪਹੁੰਚ ਸਕਣਗੇ
- ਤੁਹਾਨੂੰ ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ EU + ਦੇਸ਼ ਵਿੱਚ ਤਬਦੀਲ ਕਰਨ ਦਾ ਫੈਸਲਾ ਪ੍ਰਾਪਤ ਹੋਇਆ ਹੈ ਅਤੇ ਇੱਕ ਜੋਖਮ ਹੈ ਕਿ ਤੁਸੀਂ ਤਬਾਦਲੇ ਤੋਂ ਪਹਿਲਾਂ ਭੱਜ ਜਾਓਗੇ
- ਤੁਸੀਂ ਸੁਰੱਖਿਆ ਲਈ ਖਤਰਾ ਹੋ ਸਕਦੇ ਹੋ।

ਜੇ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ, ਤਾਂ ਤੁਸੀਂ ਫੈਸਲੇ ਦੀ ਅਪੀਲ ਕਰ ਸਕਦੇ ਹੋ। ਤੁਸੀਂ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਦੀ ਮੰਗ ਕਰ ਸਕਦੇ ਹੋ।

# ਤੁਹਾਡੀਆਂ ਰਿਸੈਪਸ਼ਨ ਦੀਆਂ ਜ਼ਿੰਮੇਵਾਰੀਆਂ ਕੀ ਹਨ?





**ਹੇਠਾਂ ਕੁਝ ਜ਼ਿੰਮੇਵਾਰੀਆਂ ਹਨ ਜਿਨ੍ਹਾਂ ਦੀ ਤੁਹਾਨੂੰ ਪਾਲਣਾ ਕਰਨੀ ਚਾਹੀਦੀ ਹੈ।**

- ✅ ਇਸ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰੋ।
- ✅ ਲਿਥੁਆਨੀਆ ਵਿੱਚ ਰਹੋ ਅਤੇ ਅਫ਼ਸਰਾਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ EU+ ਦੇਸ਼ ਦੀ ਯਾਤਰਾ ਨਾ ਕਰੋ।
- ❌ ਬਿਨਾਂ ਇਜਾਜ਼ਤ ਦੇ ਭੂਗੋਲਿਕ ਖੇਤਰ ਜਾਂ ਉਸ ਖਾਸ ਜਗ੍ਹਾ ਨੂੰ ਨਾ ਛੱਡੋ ਜਿੱਥੇ ਅਧਿਕਾਰੀਆਂ ਨੇ ਕਿਹਾ ਹੈ ਕਿ ਤੁਹਾਨੂੰ ਰਹਿਣਾ ਚਾਹੀਦਾ ਹੈ।
- ✅ ਅਫ਼ਸਰਾਂ ਨਾਲ ਪੂਰਾ ਸਹਿਯੋਗ ਕਰੋ ਅਤੇ ਉਨ੍ਹਾਂ ਦੀਆਂ ਨਿਰਦੇਸ਼ਾਂ ਦੀ ਪਾਲਣਾ ਕਰੋ।
- ✅ ਉਸ ਜਗ੍ਹਾ ਦੇ ਨਿਯਮਾਂ ਦਾ ਸਨਮਾਨ ਕਰੋ ਜਿੱਥੇ ਤੁਸੀਂ ਰਹਿ ਰਹੇ ਹੋ।
- ✅ ਦੂਜੇ ਨਿਵਾਸੀਆਂ, ਸਟਾਫ਼ ਅਤੇ ਹੋਰ ਵਿਅਕਤੀਆਂ ਦਾ ਸਨਮਾਨ ਕਰੋ।
- ✅ ਅਫ਼ਸਰਾਂ ਨੂੰ ਆਪਣੇ ਵਿੱਤੀ ਸਰੋਤਾਂ ਬਾਰੇ ਸੂਚਿਤ ਕਰੋ।
- ✅ ਅਫ਼ਸਰਾਂ ਨੂੰ ਆਪਣੇ ਮੌਜੂਦਾ ਪਤੇ ਅਤੇ ਸੰਪਰਕ ਜਾਣਕਾਰੀ (ਟੈਲੀਫ਼ੋਨ ਨੰਬਰ, ਈਮੇਲ), ਅਤੇ ਕਿਸੇ ਵੀ ਬਦਲਾਅ ਬਾਰੇ ਸੂਚਿਤ ਕਰੋ, ਤਾਂ ਜੋ ਉਹ ਹਰ ਸਮੇਂ ਤੁਹਾਡੇ ਨਾਲ ਸੰਪਰਕ ਕਰ ਸਕਣ।

ਜੇਕਰ ਅਧਿਕਾਰੀਆਂ ਦੁਆਰਾ ਅਜਿਹੀ ਕੋਈ ਜ਼ਿੰਮੇਵਾਰੀ ਤੈਅ ਕੀਤੀ ਜਾਂਦੀ ਹੈ, ਤਾਂ ਸਮਾਜਿਕ ਸ਼ਮੂਲੀਅਤ ਲਈ ਲਾਜ਼ਮੀ ਕੋਰਸਾਂ ਵਿੱਚ ਹਿੱਸਾ ਲਓ।

## ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ?

ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਤੁਹਾਡੀ ਸਥਿਤੀ ਦਾ ਮੁਲਾਂਕਣ ਕਰਨਗੇ ਅਤੇ ਕਿਸੇ ਕਿਸਮ ਦੀ ਸਹਾਇਤਾ ਨੂੰ ਘਟਾਉਣ ਜਾਂ ਰੱਦ ਕਰਨ ਦਾ ਫੈਸਲਾ ਕਰ ਸਕਦੇ ਹਨ। ਰਿਸੀਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ ਤੁਹਾਨੂੰ ਅਜਿਹੇ ਫੈਸਲੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਨਗੇ ਅਤੇ ਦੱਸਣਗੇ ਕਿ ਉਹ ਕਿਹੜੀ ਸਹਾਇਤਾ ਘਟਾਉਣਗੇ ਜਾਂ ਰੱਦ ਕਰਨਗੇ।



### ਧਿਆਨ ਦਿਓ!

**ਤੁਹਾਨੂੰ ਘੱਟ ਸਹਾਇਤਾ ਮਿਲ ਸਕਦੀ ਹੈ,** ਉਦਾਹਰਨ ਲਈ:

- ਤੁਸੀਂ ਬਿਨਾਂ ਇਜਾਜ਼ਤ ਦੇ ਭੂਗੋਲਿਕ ਖੇਤਰ ਛੱਡ ਦਿੰਦੇ ਹੋ ਜਾਂ ਉਹ ਖਾਸ ਜਗ੍ਹਾ ਜਿੱਥੇ ਅਫ਼ਸਰਾਂ ਨੇ ਕਿਹਾ ਹੈ ਕਿ ਤੁਹਾਨੂੰ ਰਹਿਣਾ ਚਾਹੀਦਾ ਹੈ।
- ਤੁਸੀਂ ਅਫ਼ਸਰਾਂ ਨਾਲ ਸਹਿਯੋਗ ਨਹੀਂ ਕਰਦੇ ਹੋ
- ਤੁਸੀਂ ਆਪਣੇ ਵਿੱਤੀ ਸਰੋਤਾਂ ਬਾਰੇ ਝੂਠ ਬੋਲਦੇ ਹੋ
- ਤੁਸੀਂ ਉਸ ਜਗ੍ਹਾ ਦੇ ਨਿਯਮਾਂ ਨੂੰ ਤੋੜਦੇ ਹੋ ਜਿੱਥੇ ਤੁਸੀਂ ਰਹਿ ਰਹੇ ਹੋ
- ਤੁਸੀਂ ਲਾਜ਼ਮੀ ਕੋਰਸਾਂ ਵਿੱਚ ਹਿੱਸਾ ਨਹੀਂ ਲੈਂਦੇ ਹੋ
- ਤੁਸੀਂ ਪਹਿਲਾਂ ਹੀ ਕਿਸੇ ਹੋਰ EU+ ਦੇਸ਼ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ ਅਤੇ ਤੁਸੀਂ ਉਸ ਦੇਸ਼ ਤੋਂ ਚਲੇ ਗਏ ਹੋ।

**ਜੇ ਤੁਸੀਂ ਹਿੰਸਕ ਹੋ, ਜੇ ਤੁਸੀਂ ਦੂਜਿਆਂ ਨੂੰ ਧਮਕੀ ਦਿੰਦੇ ਹੋ** ਜਾਂ ਜੇ ਤੁਸੀਂ ਉਸ ਜਗ੍ਹਾ ਦੇ ਨਿਯਮਾਂ ਨੂੰ ਵਾਰ-ਵਾਰ ਜਾਂ ਗੰਭੀਰ ਤਰੀਕੇ ਨਾਲ ਤੋੜਦੇ ਹੋ ਜਿੱਥੇ ਤੁਸੀਂ ਰਹਿ ਰਹੇ ਹੋ, ਤਾਂ ਤੁਸੀਂ ਪ੍ਰਾਪਤ ਕੀਤੀ ਜਾ ਰਹੀ ਸਹਾਇਤਾ ਗੁਆ ਸਕਦੇ ਹੋ। ਇਸ ਸਥਿਤੀ ਵਿੱਚ, ਪੁਲਿਸ ਨੂੰ ਦਖਲ ਦੇਣ ਲਈ ਵੀ ਬੁਲਾਇਆ ਜਾ ਸਕਦਾ ਹੈ।



## ਜੇਕਰ ਤੁਸੀਂ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ ਯੂਰਪੀ ਦੇਸ਼ ਦੀ ਯਾਤਰਾ ਕਰਦੇ ਹੋ ਤਾਂ ਕੀ ਹੁੰਦਾ ਹੈ?




**ਵਿੱਚ ਲਿਥੁਆਨੀਆ :**
- ਤੁਹਾਡੀ ਸ਼ਰਣ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ।

**EU+ ਦੇਸ਼ ਵਿੱਚ ਜਿੱਥੇ ਤੁਸੀਂ ਬਿਨਾਂ ਇਜਾਜ਼ਤ ਦੇ ਯਾਤਰਾ ਕੀਤੀ ਸੀ:**
- ਅਧਿਕਾਰੀ ਤੁਹਾਨੂੰ ਉਸੇ ਦੇਸ਼ ਵਾਪਸ ਭੇਜ ਸਕਦੇ ਹਨ, ਜਿੱਥੋਂ ਤੁਸੀਂ ਬਿਨਾਂ ਇਜਾਜ਼ਤ ਆਏ ਸੀ।

ਜਿਸ ਪਲ ਤੋਂ ਅਫ਼ਸਰ ਤੁਹਾਨੂੰ ਵਾਪਸ ਭੇਜਣ ਦੇ ਫੈਸਲੇ ਬਾਰੇ ਸੂਚਿਤ ਕਰਦੇ ਹਨ, ਤੁਹਾਡੇ ਕੋਲ ਕੁਝ ਅਧਿਕਾਰਾਂ ਤੱਕ ਪਹੁੰਚ ਨਹੀਂ ਹੋਵੇਗੀ, ਉਦਾਹਰਣ ਵਜੋਂ:
- ਤੁਹਾਨੂੰ **ਬਹੁਤ ਸਾਰੀਆਂ ਸੇਵਾਵਾਂ ਅਤੇ ਕਿਸਮਾਂ ਦੀ ਸਹਾਇਤਾ ਪ੍ਰਾਪਤ ਨਹੀਂ ਹੋਵੇਗੀ**
- ਤੁਹਾਨੂੰ **ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ**
- ਤੁਹਾਨੂੰ **ਭਾਸ਼ਾ ਕੋਰਸ ਜਾਂ ਨਵੇਂ ਹੁਨਰ ਸਿੱਖਣ ਦੇ ਕੋਰਸਾਂ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ।**

## ਕੀ ਹੁੰਦਾ ਹੈ ਜਦੋਂ ਤੁਹਾਨੂੰ EU+ ਦੇਸ਼ ਦੇ ਉਸ ਮੈਂਬਰ ਰਾਜ ਵਿੱਚ ਵਾਪਸ ਭੇਜਿਆ ਜਾਂਦਾ ਹੈ ਜਿੱਥੇ ਤੁਸੀਂ ਬਿਨਾਂ ਇਜਾਜ਼ਤ ਦੇ ਛੱਡ ਦਿੱਤਾ ਸੀ?



ਅਫ਼ਸਰ ਇਹ ਫੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਇੱਕ ਖਾਸ ਜਗ੍ਹਾ 'ਤੇ ਰਹਿਣਾ ਪਵੇਗਾ ਅਤੇ ਤੁਹਾਡੀ ਮੌਜੂਦਗੀ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਵੇਗੀ। ਤੁਸੀਂ ਕੁਝ ਪਾਬੰਦੀਆਂ ਦੇ ਨਾਲ ਕੇਂਦਰ ਤੋਂ ਬਾਹਰ ਜਾ ਸਕੋਗੇ।

## ਤੁਸੀਂ ਅਥਾਰਟੀ ਦੇ ਫੈਸਲੇ ਦੀ ਅਪੀਲ ਕਰ ਸਕਦੇ ਹੋ



ਜੇ ਅਫ਼ਸਰ ਇੱਕ ਬਿਨੈਕਾਰ ਵਜੋਂ ਤੁਹਾਡੇ ਅਧਿਕਾਰਾਂ ਨੂੰ ਸੀਮਤ ਕਰਨ ਦਾ ਫੈਸਲਾ ਕਰਦੇ ਹਨ ਅਤੇ ਤੁਹਾਨੂੰ ਲੱਗਦਾ ਹੈ ਕਿ ਇਹ ਅਨੁਚਿਤ ਹੈ, ਤਾਂ **ਤੁਸੀਂ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।**

ਜੇ ਅਫ਼ਸਰ ਇਹ ਫੈਸਲਾ ਕਰਦੇ ਹਨ ਕਿ:

- ਤੁਹਾਨੂੰ ਰਿਹਾਇਸ਼ ਅਤੇ ਹੋਰ ਰਿਸੈਪਸ਼ਨ ਸਹਾਇਤਾ ਦਾ ਅਧਿਕਾਰ ਨਹੀਂ ਹੈ
- ਤੁਹਾਨੂੰ ਪ੍ਰਦਾਨ ਕੀਤੀ ਗਈ ਰਿਸੈਪਸ਼ਨ ਸਹਾਇਤਾ ਨੂੰ ਘਟਾਉਣ ਜਾਂ ਰੱਦ ਕਰਨਾ
- ਇੱਕ ਖਾਸ ਭੂਗੋਲਿਕ ਖੇਤਰ ਨੂੰ ਅਸਥਾਈ ਤੌਰ 'ਤੇ ਛੱਡਣ ਦੀ ਤੁਹਾਡੀ ਬੇਨਤੀ ਨੂੰ ਮਨਜ਼ੂਰੀ ਨਾ ਦੇਣ ਦਾ  ਜਾਂ ਇੱਕ ਖਾਸ ਸਥਾਨ
- ਤੁਹਾਨੂੰ ਇੱਕ ਖਾਸ ਜਗ੍ਹਾ (ਉਦਾਹਰਣ ਵਜੋਂ ਇੱਕ ਖਾਸ ਰਿਸੈਪਸ਼ਨ ਸੈਂਟਰ ਵਿੱਚ) ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਤੁਸੀਂ ਕੁਝ ਪਾਬੰਦੀਆਂ ਨਾਲ ਬਾਹਰ ਜਾ ਸਕਦੇ ਹੋ
- ਤੁਹਾਨੂੰ ਹਿਰਾਸਤ ਕੀਤਾ ਜਾ ਸਕਦਾ ਹੈ
- ਲਿਥੁਆਨੀਆ ਵਿੱਚ ਅਪੀਲ ਇੱਕ ਅਦਾਲਤੀ ਅਥਾਰਟੀ ਦੇ ਸਾਹਮਣੇ ਦਾਇਰ ਕੀਤੀ ਜਾਂਦੀ ਹੈ।

ਜੇ ਤੁਸੀਂ ਅਫ਼ਸਰਾਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ EU+ ਦੇਸ਼ ਦੀ ਯਾਤਰਾ ਕੀਤੀ ਹੈ ਅਤੇ ਤੁਸੀਂ ਉੱਥੇ ਕੁਝ ਰਿਸੈਪਸ਼ਨ ਅਧਿਕਾਰ ਗੁਆ ਦਿੱਤੇ ਹਨ, ਤਾਂ ਤੁਸੀਂ ਉਸ ਦੇਸ਼ ਵਿੱਚ ਇਸ ਫੈਸਲੇ ਦੀ ਅਪੀਲ ਕਰ ਸਕਦੇ ਹੋ।

# ਤੁਹਾਨੂੰ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ

ਜੇ ਤੁਸੀਂ ਅਫ਼ਸਰਾਂ ਦੇ ਜੱਜ ਦੇ ਸਾਹਮਣੇ ਆਪਣੇ ਰਿਸੈਪਸ਼ਨ ਅਧਿਕਾਰਾਂ ਨੂੰ ਸੀਮਤ ਕਰਨ ਦੇ ਫੈਸਲੇ ਵਿਰੁੱਧ ਅਪੀਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੀ ਸਥਿਤੀ ਦੇ ਆਧਾਰ 'ਤੇ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਕਰ ਸਕਦੇ ਹੋ।

ਇਸਦਾ ਮਤਲਬ ਹੈ ਕਿ ਇੱਕ ਕਾਨੂੰਨੀ ਸਲਾਹਕਾਰ ਜਾਂ ਵਕੀਲ ਤੁਹਾਡੀ ਮਦਦ ਕਰੇਗਾ। ਕਾਨੂੰਨੀ ਸਲਾਹਕਾਰ ਜਾਂ ਵਕੀਲ ਤੁਹਾਨੂੰ ਜੱਜ ਦੇ ਸਾਹਮਣੇ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੇ ਹਨ, ਤੁਹਾਡੇ ਹਿੱਤਾਂ ਦੀ ਰੱਖਿਆ ਕਰਦੇ ਹਨ ਅਤੇ ਅਫ਼ਸਰਾਂ ਅਤੇ ਜੱਜ ਤੋਂ ਸੁਤੰਤਰ ਹੁੰਦੇ ਹਨ।

ਤੁਸੀਂ ਆਪਣੀ ਕੀਮਤ 'ਤੇ ਇੱਕ ਕਾਨੂੰਨੀ ਸਲਾਹਕਾਰ ਜਾਂ ਵਕੀਲ ਨਾਲ ਵੀ ਸਲਾਹ ਕਰ ਸਕਦੇ ਹੋ।






ਅਫ਼ਸਰਾਂ ਤੁਹਾਨੂੰ ਫੈਸਲੇ ਦੀ ਅਪੀਲ ਕਿਵੇਂ ਕਰਨੀ ਹੈ ਬਾਰੇ ਸੂਚਿਤ ਕਰਨਗੇ।

ਤੁਸੀਂ ਹਮੇਸ਼ਾ ਅਫ਼ਸਰਾਂ, ਗੈਰ-ਸਰਕਾਰੀ ਸੰਗਠਨਾਂ ਜਾਂ UNHCR ਤੋਂ ਵਧੇਰੇ ਜਾਣਕਾਰੀ ਲਈ ਪੁੱਛ ਸਕਦੇ ਹੋ, ਜਿਸ ਵਿੱਚ ਉਪਲਬਧ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਸ਼ਾਮਲ ਹੈ।

ਜਦੋਂ ਅਧਿਕਾਰੀ ਵਿੱਚ ਲਿਥੁਆਨੀਆ ਪੰਨੇ 19 'ਤੇ ਦੱਸੀਆਂ ਗਈਆਂ ਸਥਿਤੀਆਂ ਦੇ ਕਾਰਨ ਤੁਹਾਨੂੰ ਪ੍ਰਦਾਨ ਕੀਤੀ ਜਾਣ ਵਾਲੀ ਰਿਸੈਪਸ਼ਨ ਸਹਾਇਤਾ ਨੂੰ ਘਟਾਉਣ ਜਾਂ ਰੱਦ ਕਰਨ ਦਾ ਫੈਸਲਾ ਕਰਦੇ ਹਨ, ਤਾਂ ਤੁਹਾਡੇ ਕੋਲ ਅਜੇ ਵੀ ਕੁਝ ਅਧਿਕਾਰ ਹੋਣਗੇ। ਉਦਾਹਰਣ ਵਜੋਂ, ਤੁਸੀਂ ਡਾਕਟਰ ਜਾਂ ਨਰਸ ਨੂੰ ਮਿਲ ਸਕੋਗੇ, ਡਾਕਟਰੀ ਮਦਦ ਪ੍ਰਾਪਤ ਕਰ ਸਕੋਗੇ, ਕੁਝ ਸਹਾਇਤਾ ਪ੍ਰਾਪਤ ਕਰ ਸਕੋਗੇ [*ਉਦਾਹਰਣਾਂ ਲਈ ਭੋਜਨ*] ਅਤੇ ਤੁਹਾਨੂੰ ਅਫ਼ਸਰਾਂ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਸੌਣ ਲਈ ਜਗ੍ਹਾ ਮਿਲੇਗੀ।

ਸਹਾਇਤਾ ਦੀ ਕਿਸਮ ਤੁਹਾਡੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ 'ਤੇ ਨਿਰਭਰ ਕਰੇਗੀ।

ਜਦੋਂ ਕਿਸੇ ਹੋਰ EU+ ਦੇਸ਼ ਦੇ ਅਫ਼ਸਰ ਜਿਸਦੀ ਤੁਸੀਂ ਬਿਨਾਂ ਇਜਾਜ਼ਤ ਯਾਤਰਾ ਕੀਤੀ ਸੀ, ਤੁਹਾਨੂੰ ਪ੍ਰਦਾਨ ਕੀਤੀ ਗਈ ਰਿਸੈਪਸ਼ਨ ਸਹਾਇਤਾ ਨੂੰ ਰੱਦ ਕਰਨ ਦਾ ਫੈਸਲਾ ਕਰਦੇ ਹਨ, ਤਾਂ ਤੁਹਾਨੂੰ ਅਜੇ ਵੀ ਕਿਸ ਕਿਸਮ ਦੀ ਸਹਾਇਤਾ ਮਿਲੇਗੀ ਇਹ ਤੁਹਾਡੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ 'ਤੇ ਨਿਰਭਰ ਕਰੇਗਾ।

## ਤੁਹਾਨੂੰ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ



ਜੇ ਤੁਸੀਂ ਅਫ਼ਸਰਾਂ ਦੇ ਜੱਜ ਦੇ ਸਾਹਮਣੇ ਆਪਣੇ ਰਿਸੈਪਸ਼ਨ ਅਧਿਕਾਰਾਂ ਨੂੰ ਸੀਮਤ ਕਰਨ ਦੇ ਫੈਸਲੇ ਵਿਰੁੱਧ ਅਪੀਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੀ ਸਥਿਤੀ ਦੇ ਆਧਾਰ 'ਤੇ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਪ੍ਰਾਪਤ ਕਰ ਸਕਦੇ ਹੋ ।

ਇਸਦਾ ਮਤਲਬ ਹੈ ਕਿ ਇੱਕ ਕਾਨੂੰਨੀ ਸਲਾਹਕਾਰ ਜਾਂ ਵਕੀਲ ਤੁਹਾਡੀ ਮਦਦ ਕਰੇਗਾ। ਕਾਨੂੰਨੀ ਸਲਾਹਕਾਰ ਜਾਂ ਵਕੀਲ ਤੁਹਾਨੂੰ ਜੱਜ ਦੇ ਸਾਹਮਣੇ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੇ ਹਨ, ਤੁਹਾਡੇ ਹਿੱਤਾਂ ਦੀ ਰੱਖਿਆ ਕਰਦੇ ਹਨ ਅਤੇ ਅਫ਼ਸਰਾਂ ਅਤੇ ਜੱਜ ਤੋਂ ਸੁਤੰਤਰ ਹੁੰਦੇ ਹਨ।

ਤੁਸੀਂ ਆਪਣੀ ਕੀਮਤ 'ਤੇ ਇੱਕ ਕਾਨੂੰਨੀ ਸਲਾਹਕਾਰ ਜਾਂ ਵਕੀਲ ਨਾਲ ਵੀ ਸਲਾਹ ਕਰ ਸਕਦੇ ਹੋ।




ਅਫ਼ਸਰਾਂ ਤੁਹਾਨੂੰ ਫੈਸਲੇ ਦੀ ਅਪੀਲ ਕਿਵੇਂ ਕਰਨੀ ਹੈ ਬਾਰੇ ਸੂਚਿਤ ਕਰਨਗੇ।

ਤੁਸੀਂ ਹਮੇਸ਼ਾ ਅਫ਼ਸਰਾਂ, ਗੈਰ-ਸਰਕਾਰੀ ਸੰਗਠਨਾਂ ਜਾਂ UNHCR ਤੋਂ ਵਧੇਰੇ ਜਾਣਕਾਰੀ ਲਈ ਪੁੱਛ ਸਕਦੇ ਹੋ, ਜਿਸ ਵਿੱਚ ਉਪਲਬਧ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਸ਼ਾਮਲ ਹੈ।

## ਸੰਪਰਕ ਦੇ ਵੇਰਵੇ

ਜੇਕਰ ਤੁਹਾਡਾ ਕੋਈ ਸਵਾਲ ਹੈ ਜਾਂ ਤੁਹਾਨੂੰ ਆਪਣੇ ਠਹਿਰਨ ਦੌਰਾਨ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਇੱਥੇ ਕੰਮ ਕਰਨ ਵਾਲੇ ਸਟਾਫ ਨਾਲ ਗੱਲ ਕਰ ਸਕਦੇ ਹੋ:

| ਰਿਸੈਪਸ਼ਨ ਅਥਾਰਟੀ 44 | |
|---|---|
| Reception and Integration Agency | info@piia.lt +370 602 49364 |

| ਹੋਰ ਸੰਬੰਧਿਤ ਅਥਾਰਟੀ | |
|---|---|
| ਮਾਈਗ੍ਰੇਸ਼ਨ ਵਿਭਾਗ | info@migracija.gov.lt +370 707 67000 |

| ਹੋਰ ਸੰਬੰਧਿਤ ਅਥਾਰਟੀ | |
|---|---|
| ਸਟੇਟ ਬਾਰਡਰ ਗਾਰਡ ਸਰਵਿਸ | dvks@vsat.vrm.lt +370 707 59305 |

ਇਹਨਾਂ ਨਾਲ ਸਬੰਧਤ ਸਵਾਲਾਂ ਲਈ ਤੁਸੀਂ ਇਹਨਾਂ ਸੰਗਠਨਾਂ ਨਾਲ ਵੀ ਸੰਪਰਕ ਕਰ ਸਕਦੇ ਹੋ:

## ਮੈਡੀਕਲ ਮਦਦ



**ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ**

info@piia.lt +370 602 49364

ਜਾਂ ਏਜੰਸੀ ਦੇ ਅੰਦਰ ਵਿਸ਼ੇਸ਼ ਸਟਾਫ਼ ਨਾਲ ਸੰਪਰਕ ਕਰੋ।

## ਮਨੋਵਿਗਿਆਨਕ ਸਹਾਇਤਾ



ਵਿਲਨੀਅਸ ਆਰਚਡਾਇਓਸਿਸ ਦੀ ਕੈਰੀਟਾਸ:

kulturunamai@vilnius.caritas.lt

+370 673 48052

ਰਿਸੈਪਸ਼ਨ ਐਂਡ ਇੰਟੀਗ੍ਰੇਸ਼ਨ ਏਜੰਸੀ

info@piia.lt +370 602 49364

ਜਾਂ ਏਜੰਸੀ ਦੇ ਅੰਦਰ ਵਿਸ਼ੇਸ਼ ਸਟਾਫ਼ ਨਾਲ ਸੰਪਰਕ ਕਰੋ।

## ਕਾਨੂੰਨੀ ਸਲਾਹ, ਸਹਾਇਤਾ ਅਤੇ ਪ੍ਰਤੀਨਿਧਤਾ



ਰਾਜ ਦੁਆਰਾ ਗਾਰੰਟੀਸ਼ੁਦਾ ਕਾਨੂੰਨੀ ਸਹਾਇਤਾ:

teisines.paslaugos@piia.lt +370 602 49364

ਲਿਥੁਆਨੀਅਨ ਰੈੱਡ ਕਰਾਸ ਸੋਸਾਇਟੀ: ਕਾਨੂੰਨੀ ਸਲਾਹ-ਮਸ਼ਵਰਾ legal@redcross.lt; ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਖੋਜ ਕਰਨਾ ਅਤੇ ਉਹਨਾਂ ਨੂੰ ਆਪਸ ਵਿੱਚ ਮਿਲਾਉਣਾ tracing@redcross.lt

**ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR)**
ਸ਼ਰਨ ਮੰਗਣ ਵਾਲਿਆਂ ਅਤੇ ਸ਼ਰਨਾਰਥੀਆਂ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ।




**<u>ਲਿਥੁਆਨੀਆ ਵਿੱਚ UNHCR ਬਾਰੇ - UNHCR ਲਿਥੁਆਨੀਆ</u>**

ਨੋਰਡਿਕ ਅਤੇ ਬਾਲਟਿਕ ਦੇਸ਼ਾਂ ਲਈ UNHCR ਦੀ ਪ੍ਰਤੀਨਿਧਤਾ (ਸਟਾਕਹੋਮ, ਸਵੀਡਨ): +46 10 10 12 800 (ਸੋਮਵਾਰ – ਸ਼ੁੱਕਰਵਾਰ, 10.00-12.00 ਸਟਾਕਹੋਮ ਦੇ ਸਮੇਂ ਅਨੁਸਾਰ)

UNHCR ਦਾ ਸੰਪਰਕ ਦਫ਼ਤਰ (ਵਿਲਨੀਅਸ, ਲਿਥੁਆਨੀਆ): +370 5210 7416 (ਸੋਮਵਾਰ ਤੋਂ ਸ਼ੁੱਕਰਵਾਰ, 9.00-17.00 ਵਿਲਨੀਅਸ ਦੇ ਸਮੇਂ ਅਨੁਸਾਰ)

swestprotection@unhcr.org

| | |
|---|---|
| ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ (IOM) ਵਿਲਨੀਅਸ ਦਫ਼ਤਰ: ਸਵੈ-ਇੱਛਤ ਵਾਪਸੀ ਅਤੇ ਮੁੜ-ਵਸੇਬੇ ਵਿੱਚ ਸਹਾਇਤਾ | iomvilnius@iom.int +370 8001 2342 |
| ਲਿਥੁਆਨੀਅਨ ਰੈੱਡ ਕਰਾਸ ਸੋਸਾਇਟੀ: ਨਿਗਰਾਨੀ | stebesena@redcross.lt +370 682 16597 |

ਜੇ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਹੈ ਜਾਂ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਇਸ ਐਮਰਜੈਂਸੀ ਨੰਬਰ 'ਤੇ ਮੁਫ਼ਤ ਕਾਲ ਕਰ ਸਕਦੇ ਹੋ:

**ਮੈਡੀਕਲ ਐਮਰਜੈਂਸੀ:** 112

**ਪੁਲਿਸ:** 112

# ਮੇਰੇ ਨੋਟਸ

# ਮੇਰੇ ਨੋਟਸ

ਇਹ ਬਰੋਸ਼ਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਆਪਣੇ ਆਪ ਵਿੱਚ ਅਧਿਕਾਰ ਜਾਂ ਜ਼ਿੰਮੇਵਾਰੀਆਂ ਸਿਰਜਿਤ ਨਹੀਂ ਕਰਦਾ ਹੈ। ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਨੇ ਇਸ ਸਮੱਗਰੀ ਦਾ ਮੁੱਖ ਭਾਗ ਪ੍ਰਦਾਨ ਕੀਤਾ ਹੈ, ਅਤੇ ਇਸ ਬਰੋਸ਼ਰ ਦੀ ਪ੍ਰਤੀ ਬਣਾਉਣ ਅਤੇ ਸੋਧ EUAA ਦੁਆਰਾ ਸਿਰਫ਼ EU ਮੈਂਬਰ ਰਾਜਾਂ ਲਈ ਅਧਿਕਾਰਤ ਹੈ। EUAA ਇਸ ਬਰੋਸ਼ਰ ਵਿੱਚ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਧਿਰ ਦੁਆਰਾ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਸੰਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਸਵੀਕਾਰ ਨਹੀਂ ਕਰਦਾ ਹੈ। ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਬਰੋਸ਼ਰ ਵਿੱਚ ਪਾਈ ਗਈ ਜਾਣਕਾਰੀ ਦੀ ਵਰਤੋਂ ਲਈ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025